# ननकाना वेखन नूं

^ਜਦ ਵੀ, ਸੋਚਾਂ ਦੇ ਵਿੱਚ ਪਈਏ,
ਨਿੱਤ, ਅਰਦਾਸਾਂ ਕਰਦੇ ਰਹੀਏ ॥
ਓਹ ਗੁਰੂਆਂ ਦੀ, ਧਰਤੀ ਉੱਤੇ, ਮੱਥਾ ਟੇਕਣ ਨੂੰ* ॥,
ਮੇਰੇ ਨੈਣ, ਤਰਸਦੇ ਰਹਿੰਦੇ ਨੇ, ਨਨਕਾਣਾ ਵੇਖਣ ਨੂੰ x॥

ਦਾਤਾ ਤੇਰੀ, ਜਨਮ ਭੂਮੀ ਨੂੰ, ਜਾ ਕੇ ਸੀਸ ਝੁਕਾਵਾਂ,
ਕਰਮਾਂ ਵਾਲੀ, ਮਿੱਟੀ ਨੂੰ ਮੈਂ, ਚੁੰਮ ਕੇ ਮੱਥੇ ਲਾਵਾਂ ॥
ਫੇਰ ਸ਼ਾਂਤੀ, ਮਿਲਣੀ ਮੇਰੀ, ਰੂਹ ਪ੍ਰਦੇਸਣ ਨੂੰ*,,,
ਮੇਰੇ ਨੈਣ, ਤਰਸਦੇ ਰਹਿੰਦੇ ਨੇ, ਨਨਕਾਣਾ ਵੇਖਣ ਨੂੰ x॥
ਓਹ ਗੁਰੂਆਂ ਦੀ, ਧਰਤੀ ਉੱਤੇ, ਮੱਥਾ ਟੇਕਣ ਨੂੰ*,,,
ਮੇਰੇ ਨੈਣ, ਤਰਸਦੇ ਰਹਿੰਦੇ ਨੇ, ਨਨਕਾਣਾ ਵੇਖਣ ਨੂੰ x॥

ਸ਼ਰਧਾ ਦੇ ਨਾਲ, ਲੰਗਰ ਛੱਕ ਕੇ, ਭਵ ਸਾਗਰ ਤਰ ਜਾਵਾਂ,
ਤੇਰੇ ਦਰ ਦੀ, ਸੇਵਾ ਮਿਲ ਜਾਏ, ਏਹੋ ਕਰਾਂ ਦੁਆਵਾਂ ॥
ਹੱਥ ਜੋੜ, ਅਰਦਾਸ ਕਰਾਂ, ਏਹ ਦੂਰੀ ਮੇਟਣ ਨੂੰ*,,,
ਮੇਰੇ ਨੈਣ, ਤਰਸਦੇ ਰਹਿੰਦੇ ਨੇ, ਨਨਕਾਣਾ ਵੇਖਣ ਨੂੰ x॥
ਓਹ ਗੁਰੂਆਂ ਦੀ, ਧਰਤੀ ਉੱਤੇ, ਮੱਥਾ ਟੇਕਣ ਨੂੰ*,,,
ਮੇਰੇ ਨੈਣ, ਤਰਸਦੇ ਰਹਿੰਦੇ ਨੇ, ਨਨਕਾਣਾ ਵੇਖਣ ਨੂੰ x॥

ਛੁੱਕ ਛੁੱਕ ਕਰਦੀ, ਗੱਡੀ ਜਾਵੇ, ਮਿੱਟ ਜਾਵੇ ਮਜ਼ਬੂਰੀ,
ਰਾਹੀਏ ਵਾਲੇ, ਨੀਲੇ ਖਾਨ ਦੀ, ਹੋ ਜਾਏ ਆਸ਼ਾ ਪੂਰੀ ॥
ਕਰਾਂ ਉੱਤਰ ਕੇ, ਸੱਜਦਾ ਫਿਰ, ਲਾਹੌਰ ਦੇ ਸਟੇਸ਼ਨ ਨੂੰ,,,
ਮੇਰੇ ਨੈਣ, ਤਰਸਦੇ ਰਹਿੰਦੇ ਨੇ, ਨਨਕਾਣਾ ਵੇਖਣ ਨੂੰ x॥
ਓਹ ਗੁਰੂਆਂ ਦੀ, ਧਰਤੀ ਉੱਤੇ, ਮੱਥਾ ਟੇਕਣ ਨੂੰ*,,,
ਮੇਰੇ ਨੈਣ, ਤਰਸਦੇ ਰਹਿੰਦੇ ਨੇ, ਨਨਕਾਣਾ ਵੇਖਣ ਨੂੰ x॥
ਸਤਿਨਾਮ ਸਤਿਨਾਮ ਸਤਿਨਾਮ ਜੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ ॥॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/29527/title/nankana-vekhan-nu

अपने Android मोबाइल पर BhajanGanga App डाउनलोड करें और भजनों का आनंद ले |